21-12-96

# 'ਅ' ਆਦਮੀ ਦੀ ਦਾਸਤਾਨ

'ਅ' ਇਕ ਅਦਨਾ ਆਦਮੀ ਹੈ, ਇਕ ਆਮ ਆਦਮੀ ਹੈ, ...ਆਂ ਦੀ ਨਜ਼ਰਾਂ ਵਿਚ ਇਹ ਐਰਾ-ਗ਼ੈਰਾ ਵੀ ਹੋ ਸਕਦਾ ਹੈ। ...ਨੇ ਆਜ਼ਾਦ ਹਿੰਦੋਸਤਾਨ ਵਿਚ ਬੜੀ ਕੋਸ਼ਿਸ਼ ਕੀਤੀ ਕਿ ਉਹ ...' ਤੋਂ 'ਖ' ਤੱਕ ਸ.ਫ਼ਰ ਕਰੇ ਤੇ ਖ਼ਾਸ ਬਣ ਜਾਵੇ ਤੇ ਇਸ ਸਮਾਜ ...ਰ ਇੱਜ਼ਤ ਤੇ ਮਾਣ ਨਾਲ ਜੀਵੇ, ਕਿਉਂਕਿ ਦੇਸ਼ ਦਾ ਵਿਧਾਨ ...ਖ਼ਤ ਰੂਪ ਵਿਚ ਉਸ ਨੂੰ ਹੱਕ ਦੇਂਦਾ ਹੈ ਕਿ ਉਹ 'ਅ' ਤੋਂ 'ਖ' ... ਸਕਦਾ ਹੈ। ਪਰ ਤਜਰਬੇ ਨੇ ਦੱਸਿਆ ਕਿ ਉਹ 'ਅ' ਤੋਂ 'ੲ' ...ਆ ਤਾਂ ਵੀ ਵੱਡਿਆਂ ਲੋਕਾਂ ਦੀ ਈਨ ਮੰਨਦਾ ਰਿਹਾ। 'ਸ' ਤੱਕ ...ਆ ਤਾਂ ਵੀ ਸਾਧਾਰਣ ਹੀ ਰਿਹਾ। 'ਹ' ਤੱਕ ਪੁੱਜਿਆ ਤਾਂ ਵੀ ...ਤਾ ਦੇ ਅਹਿਸਾਸ ਤੋਂ ਨਿਜ਼ਾਤ ਨਾ ਪਾ ਸਕਿਆ। 'ਕ' ਤੱਕ ...ਆ ਤਾਂ ਵੀ ਉਹ ਮੁੱਖ ਧਾਰਾ ਤੋਂ ਕੱਟਿਆ ਹੀ ਰਿਹਾ। ਉਹ 'ਖ' ... ਨਾ ਪੁੱਜ ਸਕਿਆ, ਕਿਉਂਕਿ ਉਹਦਾ ਮੁੱਢ 'ਅ' ਹੀ ਸੀ। ਉਹ ...ਨਾ ਆਦਮੀ ਹੀ ਰਿਹਾ, ਆਮ ਆਦਮੀ ਹੀ ਰਿਹਾ, ਐਰਾ-ਗ਼ੈਰਾ ...ਹਾ ਅਤੇ ਕਦੀ ਖ਼ਾਸ ਨਾ ਬਣ ਸਕਿਆ। ਮਾਂ ਦੀ ਅਸ਼ੀਰਵਾਦ ... ਉਹ ਸਕੂਲ ਗਿਆ। ਉਹ ਪੜ੍ਹਨ ਵਿਚ ਚੰਗਾ ਸੀ, ਪਰ ਕਿਉਂਕਿ ...ਦਾ ਮੁੱਢ 'ਅ' ਸੀ, ਇਸ ਲਈ ਉਹਨੂੰ ਉਸਤਾਦਾਂ ਦੇ ਖਰਵੇ ਸ਼ਬਦ ...ਣੇ ਪੈਂਦੇ : 'ਸਰਕਾਰ ਦੇ ਜਵਾਈ ਹੋ ਤੁਸੀਂ. . ਮੁ.ਫ਼ਤ ਕਿਤਾਬਾਂ, ... ਮੁਆ.ਫ਼, ਵਜ਼ੀਫ਼ੇ ਥੋਨੂੰ ਮਿਲ ਜਾਂਦੇ ਨੇ. . .ਤੁਸੀਂ ਪੜ੍ਹ ਕੇ ਕੀ ...ਾ. . .ਕੰਜਰ ਦੇ ਕੰਜਰੋ ਸੀਗੀ ਹੱਕ ਜੇ. . .ਦਾਣੇ ਤਾਂ ਆਉਣ ... .ਪੜ੍ਹ ਕੇ ਕਿਹੜੇ ਡੀ. ਸੀ. ਲੱਗ ਜਾਉਗੇ।' ਜਮਾਤ ਵਿਚ ... ਆਇਆ ਤਾਂ 'ਅ' ਦੇ ਨਿੱਕੇ ਜਿਹੇ ਦਿਮਾਗ ਨੇ ਸੋਚਿਆ ...ਾਕਤ ਕਿਸੇ ਦੀ ਮਾਂ ਦੀ ਨਿੱਜੀ ਜਾਇਦਾਦ ਨਹੀਂ ਹੁੰਦੀ। ਕੀ ...ਆ ਮੈਂ ਗਰੀਬ ਘਰ ਜੰਮਿਆ, ਦਿਮਾਗ਼ ਨੀ ਗ਼ਰੀਬ ਮੇਰਾ।' ਪੜ੍ਹਦਿਆਂ-ਪੜ੍ਹਦਿਆਂ 'ਅ' ਪੜ੍ਹ ਗਿਆ। 'ਅ' ਤੋਂ 'ਖ' ਤੱਕ ਪੁੱਜਣ ਦਾ ਇਕ ਅਰਮਾਨ ਉਹਦਾ ਬਣਿਆ—ਪਰ ਇਸ ਸ.ਫ਼ਰ ਵਿਚ 'ੲ', 'ਸ', 'ਹ', 'ਕ' ਦੇ ਪੜਾਵਾਂ 'ਤੇ ਉਹਨੂੰ ਬੜੇ ਕੌੜਿਆਂ ਤਜਰਬਿਆਂ ਵਿਚੋਂ ਲੰਘਣਾ ਪਿਆ। ਹਰ ਪੜਾਅ 'ਤੇ ਉਹਨੂੰ ਅਹਿਸਾਸ ਦਿਵਾਇਆ ਗਿਆ ਕਿ ਇਸ ਪੈਸੇ ਪ੍ਰਧਾਨ ਸਮਾਜ ਵਿਚ ਉਹਦਾ ਜਿਹੜਾ ਮੁੱਢ 'ਅ' ਹੈ, ਉਹ ਉਹਦਾ ਪਿੱਛਾ ਨਹੀਂ ਛੱਡੇਗਾ। ਚੰਗੀ ਨੌਕਰੀ ਲੈਣ ਲਈ ਇਕ ਲੱਖ ਰੁਪਏ ਦੀ ਜ਼ਰੂਰਤ ਸੀ, ਉਹ ਕਿੱਥੋਂ ਦੇ ਸਕੇਗਾ? ਹਰ ਪੰਜ ਸਾਲ ਬਾਅਦ ਉਹਨੂੰ ਘੜੀ ਦੀ ਘੜੀ ਇਹ ਅਹਿਸਾਸ

## ਇਹ ਹਮਾਰਾ ਜੀਵਨਾ

ਹੁੰਦਾ ਕਿ ਉਹ 'ਅ' ਨਹੀਂ, ਉਹ ਇਕ ਬਕਸੇ ਵਿਚ ਆਪਣੀ ਮਰਜ਼ੀ ਦੀ ਪਰਚੀ ਪਾਏਗਾ, ਜਿਸ ਨਾਲ ਉਹਦੇ ਦੇਸ਼ ਦੀ ਸਰਕਾਰ ਚੁਣੀ ਜਾਏਗੀ। ਨਵੇਂ ਲੋਕ ਆਉਣਗੇ ਜੋ ਐਲਾਨੀਆ ਕਹਿ ਰਹੇ ਹਨ ਕਿ ਉਹ 'ਅ' ਲੋਕਾਂ ਨੂੰ 'ਅ' ਨਹੀਂ ਰਹਿਣ ਦੇਣਗੇ। ਪਰ ਕੁੱਝ ਚਿਰ ਬਾਅਦ ਉਹਨੂੰ ਅਹਿਸਾਸ ਹੋ ਜਾਂਦਾ ਕਿ ਉਹ 'ਅ' ਤਾਂ 'ਅ' ਹੀ ਰਿਹਾ ਹੈ। ਉਹਦਾ ਘਰ ਕੱਚੇ ਦਾ ਕੱਚਾ ਹੀ ਰਿਹਾ ਹੈ। ਉਹਦਾ ਬਾਪ ਜਿਸ ਹਾਲਤ ਵਿਚ ਰਹਿੰਦਾ ਸੀ, ਵਰ੍ਹਿਆਂ ਦੇ ਬਾਅਦ ਉਹ ਵੀ ਉਸੇ ਤੇ ਉਸੇ ਹਾਲਤ ਵਿਚ ਹੀ ਰਹਿ ਰਿਹਾ ਹੈ। ਉਹਦੇ ਬਾਪ ਦੀਆਂ ਕਹੀਆਂ ਕੌੜੀਆਂ ਗੱਲਾਂ ਉਹਨੂੰ ਯਾਦ ਆਈਆਂ—ਕੰਜਰ ਦੀ 'ਲਾਦ, ਕਿਉਂ ਐਵੇਂ ਟੱਪੀ ਜਾਨੈ, ਧਾਈਆਂ ਦੇ ਪੁੱਤ, ਧਾਈ ਹੀ ਰਹਿਣਾ ਏ, ਵੱਡਾ ਚੱਲਿਐਂ ਡੀ. ਸੀ. ਬਣਨ—। 'ਅ' ਨੂੰ ਫੇਰ ਹੌਲੇ-ਹੌਲੇ ਇਸ ਸਮਾਜ ਦੀ ਅਸਲੀਅਤ ਸਮਝ ਆ ਗਈ। ਕਾਲਜ ਵਿਚ ਆਪਣੇ ਨਾਲ ਪੜ੍ਹਦੇ ਉਸ ਦੋਸਤ ਦੀਆਂ ਗੱਲਾਂ ਯਾਦ ਆਉਂਦੀਆਂ ਜੋ ਕ੍ਰਾਂਤੀਕਾਰੀ ਸੋਚ ਨਾਲ ਸਬੰਧ ਰੱਖਦਾ ਸੀ। ਇਸ ਸਮਾਜ ਵਿਚ 'ਅ' ਆਦਮੀ ਦੀ ਨਿਜਾਤ ਇਨਕਲਾਬ ਤੋਂ ਬਿਨਾ ਨਹੀਂ। ਉਹ ਇਨਕਲਾਬ ਜਿਹੜਾ ਸਮਾਜ ਵਿਚ ਬਰਾਬਰੀ ਲਿਆਵੇਗਾ। ਉਹ ਇਨਕਲਾਬ ਜਿਹੜਾ ਸਮਾਜ ਵਿਚ ਪੈਸੇ ਦੀ ਜਕੜ ਨੂੰ ਖ਼ਤਮ ਕਰੇਗਾ। 'ਅ' ਤੋਂ 'ਖ' ਤੱਕ 'ਕੱਲਿਆਂ ਨਹੀਂ ਪੁੱਜਿਆ ਜਾ ਸਕਦਾ। ਸਾਰੇ ਔਝਿਆਂ ਨੂੰ ਸੰਘਰਸ਼ ਕਰਨਾ ਪਏਗਾ। ਹੁਣ ਉਹਨੇ 'ਖ' ਬਣਨ ਦੀ ਖਾਹਿਸ਼ ਹੀ ਛੱਡ ਦਿੱਤੀ ਹੈ। ਹੁਣ ਉਹ ਕਿਤਾਬਾਂ ਪੜ੍ਹਦਾ ਹੈ, ਜੋ ਸਮਾਜਕ-ਸਾਇੰਸ ਦੀਆਂ ਕਿਤਾਬਾਂ ਹਨ। ਉਹ ਸਮਝ ਗਿਆ ਹੈ ਕਿ ਗੱਲਾਂ ਭਾਵੇਂ ਕਿੰਨੀਆਂ ਹੀ ਕੀਤੀਆਂ ਜਾਣ, ਜਿੰਨਾ ਚਿਰ ਇਸ ਸਮਾਜ ਦਾ ਬੁਨਿਆਦੀ ਢਾਂਚਾ ਨਹੀਂ ਬਦਲਦਾ, 'ਅ' ਆਦਮੀ 'ਅ' ਹੀ ਰਹਿਣਗੇ। ਹੁਣ ਉਹਨੇ ਇਕ ਜਥੇਬੰਦੀ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਜੋ ਕੁੱਝ ਉਹਨੇ ਪੜ੍ਹਿਆ ਹੈ, ਜੋ ਕੁੱਝ ਜ਼ਿੰਦਗੀ ਦੇ ਤਜਰਬੇ ਤੋਂ ਸਿੱਖਿਆ ਹੈ, ਉਹ ਹੋਰ 'ਅ' ਲੋਕਾਂ ਨਾਲ ਸਾਂਝਾ ਕਰਦਾ ਹੈ—ਦੁਨੀਆ ਭਰ ਦੇ ਔਝਿਓ, ਅਦਨਾ ਲੋਕੋ, ਆਮ ਲੋਕੋ 'ਕੱਠੇ ਹੋ ਜਾਓ, ਇਕ ਜਥੇਬੰਦਕ ਸੰਘਰਸ਼ ਕਰੋ, ਤੁਹਾਡੇ ਕੋਲ ਗੁਆਉਣ ਲਈ ਕੁੱਝ ਨਹੀਂ, ਪਰ ਜਿੱਤਣ ਲਈ ਇਕ ਨਵੀਂ ਦੁਨੀਆ ਹੈ। ਇਸ ਸਮਾਜ ਵਿਚ ਇਕੱਲੇ-ਇਕੱਲੇ 'ਅ' ਤੋਂ 'ਖ' ਬਣਨ ਦੇ ਸੁਪਨੇ ਨਾ ਵੇਖੋ, ਸਗੋਂ ਇਕੱਠੇ ਹੋ ਕੇ ਸੜਕ 'ਤੇ ਆਵੋ, ਸ.ਫ਼ਰ ਕਰੋ, ਤਾਂ ਜੋ ਸਾਰਾ ਸਮਾਜ 'ਅ' ਤੋਂ 'ਖ' ਤੱਕ ਪੁੱਜ ਸਕੇ। 'ਅ' ਤੋਂ 'ਖ' ਤੱਕ ਸਾਰੇ ਪੜਾਵਾਂ ਨੂੰ ਪਾਰ ਕਰੋ। ਮੰਜ਼ਿਲ 'ਤੇ ਪੁੱਜਣ ਲਈ ਇਰਾਦਾ ਸਾਰਿਆਂ ਨਾਲੋਂ ਵੱਡੀ ਸ਼ਕਤੀ ਹੈ—ਇਹ ਇਕ 'ਅ' ਅਦਨਾ ਆਦਮੀ ਦੀ ਦਾਸਤਾਨ ਹੈ, ਜਿਸ ਨੇ ਕੱਲ੍ਹ 'ਖ' ਖਾਸ ਆਦਮੀ ਵਿਚ ਬਦਲਣਾ ਹੈ।

ਗੁਰਚਰਨ ਸਿੰਘ